## What is autism?
## ਔਟਿਜ਼ਮ ਕੀ ਹੈ?

ਔਟਿਜ਼ਮ ਇਕ ਵਿਕਾਸ ਨਾਲ ਸਬੰਧਿਤ ਅਪਾਹਿਜ਼ਤਾ ਹੈ ਜੋ ਪ੍ਰਭਾਵਿਤ ਕਰਦੀ ਹੈ ਕਿ ਇਕ ਵਿਅਕਤੀ ਦੂਜਿਆਂ ਨਾਲ ਕਿਵੇਂ ਗੱਲਬਾਤ ਕਰਦਾ ਹੈ ਅਤੇ ਕਿਵੇਂ ਸੰਬੰਧ ਰੱਖਦਾ ਹੈ। ਇਹ ਸਮਾਜਿਕ ਵਿਹਾਰ ਦੇ ਨੁਕਸਾਨਾਂ, ਗੱਲ-ਬਾਤ ਕਰਨ ਵਿੱਚ ਮੁਸ਼ਕਿਲਾਂ, ਪ੍ਰਤਿਬੰਧਿਤ ਦੁਹਰਾਉ ਅਤੇ ਰਵਾਇਤੀ ਰਵੱਈਏ ਦੇ ਲੱਛਣਾਂ ਨਾਲ ਪਛਾਣਿਆ ਜਾਂਦਾ ਹੈ। ਇਹ ਇਕ ਵੱਡੇ ਪੈਮਾਨੇ ਦੀ ਸਥਿਤੀ ਹੈ, ਇਸ ਲਈ ਇਹ ਮਰੀਜ਼ ਨੂੰ ਵੱਖ ਵੱਖ ਤਰੀਕਿਆਂ ਨਾਲ ਪ੍ਰਭਾਵਤ ਕਰ ਸਕਦੀ ਹੈ। ਔਟਿਜ਼ਮ ਵਾਲੇ ਕੁਝ ਲੋਕ ਮੁਕਾਬਲਤਨ ਸੁਤੰਤਰ ਜੀਵਨ ਬਤੀਤ ਕਰਨ ਦੇ ਯੋਗ ਹੁੰਦੇ ਹਨ ਪਰ ਹੋਰਾਂ ਨੂੰ ਸਿੱਖਣ ਦੀਆਂ ਅਪਾਹਿਜ਼ਤਾਂਵਾਂ ਹੋ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਲੰਮੇ ਸਮੇਂ ਤੋਂ ਵਿਸ਼ੇਸ਼ ਸਹਾਇਤਾ ਦੀ ਲੋੜ ਹੋ ਸਕਦੀ ਹੈ। ਮਰਦਾਂ ਦੀ ਤੁਲਨਾ ਨਾਲੋਂ ਔਰਤਾਂ ਵਿੱਚ ਏ.ਐੱਸ. ਡੀ. ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

ਔਟਿਜ਼ਮ ਦੇ ਕੁਝ ਆਮ ਨਿਸ਼ਾਨ ਕੀ ਹਨ?

ਕਿਉਂਕਿ ਇਹ ਇਕ ਵੱਡੇ ਪੈਮਾਨੇ ਦੀ ਸਥਿਤੀ ਹੈ, ਮਰੀਜ਼ਾਂ ਦੀਆਂ ਸਮੱਸਿਆਵਾਂ ਦੀ ਤੀਬਰਤਾ ਅਤੇ ਗੰਭੀਰਤਾ ਬਦਲ ਸਕਦੀ ਹੈ। ਆਮ ਤੌਰ 'ਤੇ ਇਸਦੇ ਲੱਛਣਾਂ ਦੇ ਤਿੰਨ ਮੁੱਖ ਖੇਤਰ ਸ਼ਾਮਲ ਹੁੰਦੇ ਹਨ:

1. ਸਮਾਜਿਕ ਕਮਜ਼ੋਰੀਆਂ:
   - ਉਹ ਅਕਸਰ ਅੱਖਾਂ ਦੇ ਸੰਪਰਕ ਤੋਂ ਬਚਦੇ ਹਨ ਅਤੇ ਸਮਾਜਿਕ ਪ੍ਰਭਾਵਾਂ ਨੂੰ ਘੱਟ ਧਿਆਨ ਦਿੰਦੇ ਅਤੇ ਘੱਟ ਹੱਸਦੇ ਹਨ। ਉਹ ਦੂਜਿਆਂ ਨੂੰ ਅਕਸਰ ਘੱਟ ਦੇਖਦੇ ਹਨ, ਅਤੇ ਆਪਣੇ ਨਾਮ ਦੇ ਬੁਲਾਉਣ ਤੇ ਘੱਟ ਜਵਾਬ ਦਿੰਦੇ ਹਨ।
   - ਉਹ ਦੂਜਿਆਂ ਨਾਲ ਗੱਲਬਾਤ ਕਰਨਾ, ਗੱਲਬਾਤ ਸ਼ੁਰੂ ਕਰਨਾ ਜਾਂ ਸਾਂਝਾ ਕਰਨ ਨੂੰ ਪਸੰਦ ਨਹੀਂ ਕਰਦੇ ਹਨ।
   - ਉਹ ਕਦੇ-ਕਦੇ ਸਮਾਜਿਕ ਤੌਰ ਤੇ ਅਣਉਚਿਤ ਹੋ ਸਕਦੇ ਹਨ|
2. ਗੱਲ-ਬਾਤ ਕਰਨ ਵਿੱਚ ਮੁਸ਼ਕਲਾਂ:
   - ਉਨ੍ਹਾਂ ਦੇ ਭਾਸ਼ਾ ਵਿਕਾਸ ਵਿੱਚ ਆਮ ਤੌਰ 'ਤੇ ਦੇਰੀ ਹੁੰਦੀ ਹੈ, ਅਤੇ ਕੁਝ ਆਪਣੇ ਆਪ ਨੂੰ ਪ੍ਰਗਟਾ ਨਹੀਂ ਸਕਦੇ। ਭਾਵੇਂ ਉਹ ਗੱਲ ਕਰ ਸਕਦੇ ਹਨ,ਪਰ ਉਨ੍ਹਾਂ ਕੋਲ ਦੂਜਿਆਂ ਨਾਲ ਗੱਲਬਾਤ ਕਰਨ ਦੀ ਪ੍ਰਵਿਰਤੀ ਘੱਟ ਹੁੰਦੀ ਹੈ ਜਾਂ ਉਨ੍ਹਾਂ ਦੇ ਗੱਲ-ਬਾਤ ਕਰਨ ਦੇ ਢੰਗ ਵੱਖਰੇ ਹੁੰਦੇ ਹਨ|
   - ਉਨ੍ਹਾਂ ਵਿੱਚ ਸਾਂਝੇ ਧਿਆਨ ਜਾਂ ਸਾਂਝਾ ਕਰਨ ਦੀ ਕਮੀ ਹੁੰਦੀ ਹੈ ਅਤੇ ਕੁਝ ਨੂੰ ਦੇਰੀ ਨਾਲ ਈਕੋਲਾਲੀਆ(ਦੂਜਿਆਂ ਦੇ ਕਹੇ ਸ਼ਬਦਾ ਨੂੰ ਦੁਹਰਾਉਣਾ) ਹੋ ਸਕਦਾ ਹੈ।
   - ਗੱਲ-ਬਾਤ ਜ਼ਿਆਦਾਤਰ ਬੇਨਤੀ ਕਰਨ ਨਾਲ ਸਬੰਧਿਤ ਹੁੰਦੀ ਹੈ।
   - ਕਲਪਨਾ ਰਹਿਤ /ਇਸ਼ਾਰਿਆਂ ਨੂੰ ਸਮਝਣ ਦੀ ਕਮੀ ਅਤੇ ਵੱਡੀ ਉਮਰ ਹੋਣ ਤੇ ਕਮਜ਼ੋਰ ਕਲਪਨਾ ਸ਼ਕਤੀ ਦੇ ਨਾਲ ਸੰਖੇਪ ਸੋਚ ਨੂੰ ਸਮਝਣਾ ਸ਼ਾਮਿਲ ਹੈ।
3. ਦੁਹਰਾਉਣਾ ਜਾਂ ਪ੍ਰਤਿਬੰਧਿਤ ਵਿਵਹਾਰ:
   - ਸੀਮਿਤ ਦਿਲਚਸਪੀ , ਜਾਂ ਗਤੀਵਿਧੀ, ਜਿਵੇਂ ਕਿ ਕਿਸੇ ਖਿਡੌਣੇ ਜਾਂ ਗੇਮ ਨਾਲ ਅਭਿਆਸ ਕਰਨਾ।
   - ਅਭਿਆਸਵਾਦੀ ਵਿਵਹਾਰ ਵਿੱਚ ਰੋਜ਼ਾਨਾ ਦੀਆਂ ਗਤੀਵਿਧੀਆਂ ਦਾ ਇੱਕ ਵਿਆਪਕ ਵਿਵਹਾਰ ਸ਼ਾਮਲ ਹੁੰਦਾ ਹੈ, ਜਿਵੇਂ ਕਿ ਸਕੂਲ ਲਈ ਇੱਕ ਨਿਸ਼ਚਿਤ ਰਸਤਾ ਅਤੇ ਇਸਦੇ ਬਦਲਣ ਤੇ ਵਿਰੋਧ ਕਰਨਾ। ਇਹ ਲੋਕ ਰੁਕਾਵਟ ਹੋਣ ਵੇਲੇ ਪਰੇਸ਼ਾਨ ਹੋ ਜਾਦੇਂ ਹਨ ਜਾਂ ਆਪਾ ਖੋ ਬੈਠਦੇ ਹਨ।
   - ਦੁਹਰਾਓ ਦੀ ਗਤੀਵਿਧੀ, ਜਿਵੇਂ ਕਿ ਹੱਥ ਫੜਫੜਾਉਣਾ, ਸਿਰ ਘੁਮਾਉਣਾ, ਜਾਂ ਸਰੀਰ ਨੂੰ ਹਿਲਾਉਣਾ।
   - ਮਰੀਜ਼ ਆਵਾਜ਼ਾਂ, ਛੋਹਣ, ਸੁਆਦ, ਗੰਧ, ਰੋਸ਼ਨੀ ਜਾਂ ਰੰਗਾਂ ਤੋਂ ਵੱਧ ਸੰਵੇਦਨਸ਼ੀਲਤਾ ਦਾ ਅਨੁਭਵ ਕਰ ਸਕਦਾ ਹੈ।

ਕੁਝ ਲੋਕਾਂ ਨੂੰ ਭਾਵਨਾਤਮਕ, ਵਿਵਹਾਰਕ ਅਤੇ / ਜਾਂ ਸਿੱਖਣ ਦੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ , ਜਦੋਂ ਕਿ ਕੁਝ ਲੋਕਾਂ ਨੂੰ ਹੋਰ ਮੁਸ਼ਕਿਲਾਂ, ਜਿਵੇਂ ਕਿ ਉੱਚ ਪੱਧਰ ਦੀ ਸਰਗਰਮੀ, ਧਿਆਨ ਦੀ ਜ਼ਿਆਦਾ ਕਮੀ , ਆਪਣੇ ਆਪ ਨੂੰ ਨੁਕਸਾਨ, ਨੀਂਦ ਦੀਆਂ ਮੁਸ਼ਕਿਲਾਂ ਅਤੇ ਹਿੰਸਕ ਵਿਵਹਾਰ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਔਟਿਜ਼ਮ ਦੇ ਕਾਰਨ ਕੀ ਹਨ?

ਔਟਿਜ਼ਮ ਦਾ ਸਹੀ ਕਾਰਨ ਹਾਲੇ ਵੀ ਜਾਂਚ ਕੀਤਾ ਜਾ ਰਿਹਾ ਹੈ। ਪਰ, ਖੋਜ ਇਹ ਸੰਕੇਤ ਦਿੰਦੀ ਹੈ ਕਿ ਕਾਰਕਾਂ ਦਾ ਸੁਮੇਲ – ਖਾਨਦਾਨੀ ਅਤੇ ਵਾਤਾਵਰਣ ਨਾਲ ਸਬੰਧਿਤ ਕਾਰਕ ਦਿਮਾਗ ਦੇ ਵਿਕਾਸ ਵਿਚ ਬਦਲਾਅ ਲਈ ਜ਼ਿੰਮੇਵਾਰ ਹੋ ਸਕਦੇ ਹਨ| ਔਟਿਜ਼ਮ ਕਿਸੇ ਵਿਅਕਤੀ ਦੇ ਪਾਲਣ-ਪੋਸ਼ਣ, ਉਹਨਾਂ ਦੇ ਸਮਾਜਿਕ ਹਾਲਾਤਾਂ ਕਾਰਨ ਨਹੀਂ ਵਾਪਰਦਾ ਅਤੇ ਇਸ ਵਿੱਚ ਉਸ ਵਿਅਕਤੀ ਦੀ ਕੋਈ ਗਲਤੀ ਨਹੀਂ ਹੈ।

ਔਟਿਜ਼ਮ ਦਾ ਇਲਾਜ਼ ਕਿਵੇਂ ਕੀਤਾ ਜਾਂਦਾ ਹੈ?

ਔਟਿਜ਼ਮ (ASDs) ਦਾ ਕੋਈ ਇਲਾਜ਼ ਨਹੀਂ ਹੈ। ਇਲਾਜ ਅਤੇ ਵਿਵਹਾਰਕ ਦਖਲ ਵਿਸ਼ੇਸ਼ ਲੱਛਣਾਂ ਦੇ ਹੱਲ ਲਈ ਬਣਾਏ ਗਏ ਹਨ ਅਤੇ ਇਹ ਮਹੱਤਵਪੂਰਨ ਸੁਧਾਰ ਲਿਆ ਸਕਦੇ ਹਨ| ਆਦਰਸ਼ ਇਲਾਜ਼ ਯੋਜਨਾ ਉਹ ਥੈਰੇਪੀਜ਼ ਅਤੇ ਦਖਲ-ਅੰਕਾਂ ਨੂੰ ਨਿਰਦੇਸ਼ਿਤ ਕਰਦੀ ਹੈ ਜੋ ਵਿਅਕਤੀ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ ਅਤੇ ਜੀਵਨ ਵਿੱਚ ਵੱਧ ਤੋਂ ਵੱਧ ਆਤਮ-ਨਿਰਭਰਤਾ ਨੂੰ ਉਤਸ਼ਾਹਿਤ ਕਰਦੀਆਂ ਹਨ | ਇੱਕ ਏ.ਐਸ.ਡੀ. ਨਾਲ ਪ੍ਰਭਵਿਤ ਬੱਚਿਆਂ ਦੇ ਮਾਤਾ-ਪਿਤਾ ਅਤੇ ਭੈਣ-ਭਰਾਵਾਂ ਲਈ ਪਰਿਵਾਰਕ ਸਲਾਹ ਅਕਸਰ ਪਰਿਵਾਰਾਂ ਨੂੰ ਅਜਿਹੇ ਬੱਚੇ ਦੇ ਨਾਲ ਰਹਿਣ ਤੇ ਆਉਣ ਵਾਲੀਆ ਖਾਸ ਚੁਣੌਤੀਆਂ ਦਾ ਸਾਮ੍ਹਣਾ ਕਰਨ ਵਿੱਚ ਸਹਾਇਤਾ ਕਰਦੀ ਹੈ।

ਦਵਾਈਆਂ:ਡਾਕਟਰ ਔਟਿਜ਼ਮ ਨਾਲ ਸੰਬੰਧਤ ਖਾਸ ਲੱਛਣਾਂ ਦੇ ਇਲਾਜ਼ ਲਈ ਦਵਾਈਆਂ ਤਜਵੀਜ਼ ਕਰ ਸਕਦੇ ਹਨ, ਜਿਵੇਂ ਕਿ ਚਿੰਤਾ, ਉਦਾਸੀਨਤਾ ਜਾਂ ਦੁਹਰਾਉਣਾ ਜਾਂ ਪ੍ਰਤਿਬੰਧਿਤ ਵਿਕਾਰ | ਗੰਭੀਰ ਵਤੀਰੇ ਦੀਆਂ ਸਮੱਸਿਆਵਾਂ ਦੇ ਇਲਾਜ਼ ਲਈ ਐਂਟੀਸਾਇਕੋਟਿਕ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ | ਦੌਰੇ ਦਾ ਇਲਾਜ ਇਕ ਜਾਂ ਇਕ ਤੋਂ ਵੱਧ ਐਂਟੀਕਨਵਲਸੇਂਟ ਦਵਾਈਆਂ ਨਾਲ ਕੀਤਾ ਜਾ ਸਕਦਾ ਹੈ | ਧਿਆਨ ਦੀ ਕਮੀ ਦੇ ਵਿਕਾਰ ਵਾਲੇ ਲੋਕਾਂ ਦਾ ਇਲਾਜ਼ ਕਰਨ ਲਈ ਵਰਤੀ ਜਾਂਦੀ ਦਵਾਈ ਉੱਚ ਪੱਧਰ ਦੀ ਸਰਗਰਮੀ ਅਤੇ ਬੇਸਮਝੀ ਦੇ ਵਿਹਾਰ ਨੂੰ ਘੱਟ ਕਰਨ ਲਈ ਅਸਰਦਾਰ ਤਰੀਕੇ ਨਾਲ ਇਸਤੇਮਾਲ ਕੀਤੀ ਜਾ ਸਕਦੀ ਹੈ।

ਬਹੁਤ ਸਾਰੇ ਬੱਚਿਆਂ ਵਿੱਚ ਲੱਛਣ ਇਲਾਜ ਅਤੇ ਉਮਰ ਦੇ ਨਾਲ ਸੁਧਰ ਜਾਂਦੇਹਨ। ਕਿਸ਼ੋਰ ਉਮਰ ਦੇ ਦੌਰਾਨ, ਏ.ਐੱਸ.ਡੀ. ਵਾਲੇ ਕੁਝ ਬੱਚੇ ਉਦਾਸ ਹੋ ਸਕਦੇ ਹਨ ਜਾਂ ਵਤੀਰੇ ਸੰਬੰਧੀ ਸਮੱਸਿਆਵਾਂ ਦਾ ਅਨੁਭਵ ਕਰ ਸਕਦੇ ਹਨ, ਅਤੇ ਉਹਨਾਂ ਦੇ ਇਲਾਜ ਲਈ ਕੁਝ ਸੋਧ ਦੀ ਜ਼ਰੂਰਤ ਹੋ ਸਕਦੀ ਹੈ ਕਿਉਂਕਿ ਉਹ ਬਾਲਗਪਨ ਵਿੱਚ ਤਬਦੀਲੀ ਹੋ ਰਹੇ ਹੁੰਦੇ ਹਨ| ਆਮ ਤੌਰ ਤੇ ਏ.ਐੱਸ.ਡੀ. ਵਾਲੇ ਲੋਕਾਂ ਨੂੰ ਉਹਨਾਂ ਦੀ ਉਮਰ ਦੇ ਵਾਧੇ ਨਾਲ ਸੇਵਾਵਾਂ ਅਤੇ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ, ਪਰ ਬਹੁਤ ਸਾਰੇ ਸੁਤੰਤਰ ਤੌਰ 'ਤੇ ਕੰਮ ਕਰਨ ਅਤੇ ਇੱਕ ਸਹਾਇਕ ਵਾਤਾਵਰਨ ਦੇ ਅੰਦਰ ਆਤਮ-ਨਿਰਭਰਤਾ ਵਾਲਾ ਜੀਵਨ ਜੀ ਸਕਦੇ ਹਨ।